# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

## 13:10

**ਮਿਤੀ :11-04-2026**

ਕੇਂਦਰ ਸਰਕਾਰ ਨੇ ਪੰਜਾਬ ਵਿੱਚ ਮੌਜੂਦ ਕਣਕ ਤੇ ਚੌਲਾਂ ਸਮੇਤ 155 ਲੱਖ ਮੀਟ੍ਰਿਕ ਟਨ ਅਨਾਜ ਦੀ ਚੁਕਾਈ ਲਈ ਖਾਸ ਰੇਲ-ਗੱਡੀਆਂ ਚਲਾਉਣ ਲਈ ਸਹਿਮਤੀ ਦਿੱਤੀ ਏ। ਹਾੜ੍ਹੀ ਮਾਰਕੀਟਿੰਗ ਸੀਜ਼ਨ ਤੋਂ ਪਹਿਲਾਂ ਸੂਬੇ ਦੇ ਗੰਭੀਰ ਸਟੋਰੇਜ ਸੰਕਟ ਨੂੰ ਘਟਾਉਣ ਲਈ ਇਹ ਕਦਮ ਚੁੱਕਿਆ ਗਿਆ ਏ। ਨਵੀਂ ਦਿੱਲੀ ਵਿੱਚ ਖੁਰਾਕ ਤੇ ਜਨਤਕ ਸਪਲਾਈ ਮੰਤਰੀ ਪ੍ਰਹਿਲਾਦ ਜੋਸ਼ੀ ਨਾਲ ਮੁਲਾਕਾਤ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਸ ਬਾਰੇ ਕਿਹਾ ਕਿ ਇਸ ਮੀਟਿੰਗ ਵਿਚ ਦਿਹਾਤੀ ਵਿਕਾਸ ਫੰਡ RDF ਹੇਠ ਬਕਾਇਆ 9,000 ਕਰੋੜ ਰੁਪਏ ਦੀ ਅਦਾਇਗੀ ਕਰਨ ਅਤੇ ਕੇਂਦਰ ਨਾਲ ਸਬੰਧਤ ਆੜ੍ਹਤੀਆਂ ਦੀਆਂ ਮੰਗਾਂ ’ਤੇ ਵੀ ਮੀਟਿੰਗ ਵਿਚ ਵਿਚਾਰ-ਵਟਾਂਦਰਾ ਕੀਤਾ ਗਿਆ ਏ।

----------------------------------------------------------------

ਪੰਜਾਬ ਵਿੱਚ 9 ਨਗਰ ਨਿਗਮਾਂ -ਬਰਨਾਲਾ, ਬਠਿੰਡਾ, ਅਬੋਹਰ, ਬਟਾਲਾ, ਹੁਸ਼ਿਆਰਪੁਰ, ਕਪੂਰਥਲਾ, ਮੋਗਾ, ਐੱਸ.ਏ.ਐੱਸ. ਨਗਰ ਅਤੇ

ਪਠਾਨਕੋਟ ਅਤੇ 104 ਨਗਰ ਕੌਂਸਲਾਂ ਤੇ ਨਗਰ ਪੰਚਾਇਤ ਦੀਆਂ ਆਮ ਤੇ ਜ਼ਿਮਨੀ ਚੋਣਾਂ- 2026 ਦੇ ਸਬੰਧ ਵਿਚ ਸੂਬਾਈ ਚੋਣ ਕਮਿਸ਼ਨ ਨੇ ਵੋਟਰ ਸੂਚੀਆਂ ਦੀ ਸੁਧਾਈ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਏ। ਭਾਰਤ ਚੋਣ ਕਮਿਸ਼ਨ ਪਾਸੋਂ ਪ੍ਰਾਪਤ ਮੌਜੂਦਾ ਵੋਟਰ ਸੂਚੀਆਂ ਉਨ੍ਹਾਂ ਜ਼ਿਲ੍ਹਿਆਂ ਅਤੇ ਨਗਰ ਪਾਲਿਕਾਵਾਂ ਵਿੱਚ ਮੁੱਹਈਆ ਕਰਵਾ ਦਿੱਤੀਆਂ ਗਈਆਂ ਨੇ, ਜਿੱਥੇ-ਜਿੱਥੇ ਚੋਣਾਂ ਹੋਣੀਆਂ ਨੇ। ਇਸ ਸਬੰਧੀ ਚੋਣ ਕਮਿਸ਼ਨ ਨੇ ਕਾਨੂੰਨੀ ਤੌਰ ’ਤੇ ਦਾਅਵੇ ਅਤੇ ਇਤਰਾਜ਼ ਦਾਇਰ ਕਰਨ ਲਈ 17 ਅਪ੍ਰੈਲ ਤੋਂ 23 ਅਪ੍ਰੈਲ 2026 ਤੱਕ, 7 ਦਿਨ ਨਿਰਧਾਰਤ ਕੀਤੇ ਨੇ। ਇਸ ਬਾਰੇ ਦਾਅਵਿਆਂ ਅਤੇ ਇਤਰਾਜ਼ਾ ਦਾ ਨਿਬੇੜਾ 30 ਅਪ੍ਰੈਲ 2026 ਤੱਕ ਕੀਤਾ ਜਾਵੇਗਾ ਅਤੇ ਅੰਤਿਮ ਵੋਟਰ ਸੂਚੀ ਮਿਤੀ 05 ਮਈ 2026 ਨੂੰ ਛਾਪੀ ਜਾਵੇਗੀ ਅਤੇ ਜ਼ਿਲ੍ਹਿਆਂ ਦੀਆਂ ਵੈੱਬਸਾਈਟ ਉੱਤੇ ਮੁਹੱਈਆ ਕਾਰਵਾਈ ਜਾਵੇਗੀ।

-------------------------------------------------

ਉੱਤਰ ਪ੍ਰਦੇਸ਼ ਦੇ ਮਥੁਰਾ ਜ਼ਿਲ੍ਹੇ ਵਿੱਚ ਯਮੁਨਾ ਦਰਿਆ ਵਿੱਚ ਕੱਲ੍ਹ ਹੋਏ ਕਿਸ਼ਤੀ ਹਾਦਸੇ ਵਿੱਚ ਮਾਰੇ ਗਏ 11 ਸ਼ਰਧਾਲੂਆਂ ਵਿੱਚੋਂ 8 ਦਾ ਸੰਸਕਾਰ ਅੱਜ ਕਰ ਦਿੱਤਾ ਗਿਆ ਏ। ਇਨ੍ਹਾਂ ਵਿੱਚੋਂ 7 ਸ਼ਰਧਾਲੂਆ ਦਾ ਅੰਤਿਮ ਸੰਸਕਾਰ ਜਗਰਾਓਂ ਵਿੱਚ ਕੀਤਾ ਗਿਆ ਏ, ਜਿੱਥੇ ਪੰਜਾਬ ਦੇ ਮੁੱਖ ਮੰਤਰੀ

ਭਗਵੰਤ ਸਿੰਘ ਮਾਨ ਮੌਜੂਦ ਸਨ। ਇਸ ਹਾਦਸੇ ਵਿੱਚ ਮਾਰੇ ਗਏ 11 ਸ਼ਰਧਾਲੂਆਂ ਵਿੱਚੋਂ 10 ਲੁਧਿਆਣਾ ਜ਼ਿਲ੍ਹੇ ਦੇ ਅਤੇ ਇੱਕ ਅਬੋਹਰ ਦਾ ਰਹਿਣ ਵਾਲਾ ਸੀ।

---------------------------------------------------------------

ਸਰਹੱਦ ਪਾਰ ਨਸ਼ਿਆਂ ਅਤੇ ਗੈਰ-ਕਾਨੂੰਨੀ ਹਥਿਆਰ ਤਸਕਰੀ ਗਿਰੋਹ ਦਾ ਪਰਦਾਫਾਸ਼ ਕਰਦੇ ਹੋਏ ਅੱਜ ਬਟਾਲਾ ਪੁਲਿਸ ਨੇ ਇਕ ਗਿਰੋਹ ਦੇ ਦੋ ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਏ। ਗ੍ਰਿਫ਼ਤਾਰ ਕੀਤੇ ਮੁਲਜ਼ਮਾਂ ਕੋਲੋਂ 6 ਕਿੱਲੋ ਤੋਂ ਵੱਧ ਹੈਰੋਇਨ, ਇੱਕ ਪਿਸਤੌਲ, 6 ਜਿੰਦਾ ਕਾਰਤੂਸ ਅਤੇ 1 ਲੱਖ ਰੁਪਏ ਦੀ ਰਕਮ ਬਰਾਮਦ ਕੀਤੀ ਗਈ ਏ। ਅਗਲੇਰੀ ਜਾਂਚ ਜਾਰੀ ਏ।

---------------------------------------------------------------

ਸਰਹੱਦੀ ਸੁਰੱਖਿਆ ਬਲ ਨੇ ਕੱਲ੍ਹ ਅੰਮ੍ਰਿਤਸਰ ਸਥਿਤ ਸੈਕਟਰ ਹੈੱਡਕੁਆਰਟਰ ਵਿੱਚ “ਆਧੁਨਿਕ ਯੁੱਧ, ਸਰਹੱਦੀ ਪ੍ਰਬੰਧ ਅਤੇ ਰਾਸ਼ਟਰੀ ਸੁਰੱਖਿਆ ਵਿੱਚ ਡਰੋਨਾਂ ਦੀ ਬਦਲਦੀ ਭੂਮਿਕਾ” ਵਿਸ਼ੇ ’ਤੇ ਉੱਚ-ਪੱਧਰੀ ਇਕ ਦਿਨੀ ਵਰਕਸ਼ਾਪ ਕੀਤੀ। ਇਸ ਦੌਰਾਨ ਭਾਰਤੀ ਫੌਜ, CAPFs, ਸੂਬਾ ਪੁਲਿਸ ਅਤੇ ਕੇਂਦਰੀ ਏਜੰਸੀਆਂ ਦੇ ਸੀਨੀਅਰ ਅਧਿਕਾਰੀ ਇਕ ਮੰਚ ਉੱਤੇ ਮੌਜੂਦ ਰਹੇ। ਲੈਫ਼ਟੀਨੈਂਟ ਜਨਰਲ ਅਮਿਤ ਕਬਥਿਆਲ, ਕੋਰ ਕਮਾਂਡਰ, 11 ਕੋਰ ਨੇ ਇਸ ਵਰਕਸ਼ਾਪ ਦੀ ਪ੍ਰਧਾਨਗੀ ਕੀਤੀ। ਪੰਜਾਬ

ਪੁਲਿਸ ਦੇ ਡਾਇਰੈਕਟਰ ਜਨਰਲ ਗੌਰਵ ਯਾਦਵ ਅਤੇ ਐਡੀਸ਼ਨਲ ਡੀਜੀ ਬੀਐੱਸਐੱਫ ਸਤੀਸ਼ ਐੱਸ. ਖੰਡਾਰੇ ਸਮੇਤ ਬੀਐੱਸਐੱਫ ਦੇ ਇੰਸਪੈਕਟਰ ਜਨਰਲ, ਪੰਜਾਬ ਫਰੰਟੀਅਰ ਡਾ. ਅਤੁਲ ਫੁਲਜ਼ੇਲੇ ਤੇ D R D O ਦੇ ਸੀਨੀਅਰ ਵਿਗਿਆਨੀ ਵੀ ਮੌਜੂਦ ਸਨ। ਇਸ ਵਰਕਸ਼ਾਪ ਨੇ ਤੇਜ਼ੀ ਨਾਲ ਵਿਕਸਤ ਹੋ ਰਹੇ ਤਕਨੀਕੀ ਖ਼ਤਰਿਆਂ ਦੇ ਮੱਦੇਨਜ਼ਰ ਆਪ੍ਰੇਸ਼ਨਲ ਤਿਆਰੀ ਨੂੰ ਵਧਾਉਣ ਲਈ ਸਰਗਰਮ ਅਤੇ ਇਕਜੁੱਟ ਪਹੁੰਚ ਉੱਤੇ ਜ਼ੋਰ  ਦਿੱਤਾ।

---------------------------------------------------

ਬਠਿੰਡਾ ਸਥਿਤ ਸੈਂਟਰਲ ਯੂਨੀਵਰਸਿਟੀ ਆਫ ਪੰਜਾਬ ਦੇ ਦੋ ਖੋਜਾਰਥੀਆਂ ਦਾ ਕੈਂਸਰ ਨਾਲ ਸਬੰਧਤ ਜਾਗਰੂਕਤਾ ਅਤੇ ਇਸ ਬਿਮਾਰੀ ਨੂੰ ਰੋਕਣ ਲਈ ਉਪਾਆਂ ਸਬੰਧੀ ਖੋਜ ਅਧਿਐਨ, ਸਾਊਥ ਡੈਨਮਾਰਕ ਯੂਨੀਵਰਸਿਟੀ ਵਿੱਚ ਸਿਹਤ ਸੰਚਾਰ ਸਬੰਧੀ ਅੰਤਰਰਾਸ਼ਟਰੀ ਕਾਨਫਰੰਸ ਵਿੱਚ ਪੜ੍ਹੇ ਜਾਣ ਲਈ ਸਵੀਕਾਰ ਕੀਤਾ ਗਿਆ ਏ। ਇਹ ਕਾਨਫਰੰਸ ਆਉਂਦੀ 13 ਤੋਂ 15 ਅਪ੍ਰੈਲ ਨੂੰ ਹੋਣੀ ਏ। ਇਹ ਦੋਵੇਂ ਖੋਜਕਰਤਾ ਮਾਸ ਕਮਿਊਨੀਕੇਸ਼ਨ ਅਤੇ ਮੀਡੀਆ ਸਟੱਡੀਜ਼ਵਿਭਾਗ ਦੇ ਮੁਖੀ ਅਤੇ ਇੰਟਰਵੈਂਸ਼ਨਜ਼ ਡਿਜ਼ਾਈਨ ਐਂਡ ਇਫੈਕਟਸ ਲੈਬ (IDEL) ਦੇ ਸੰਸਥਾਪਕ ਡਾ. ਰੂਬਲ ਕਨੌਜੀਆ ਅਤੇ ਉਨ੍ਹਾਂ ਦੇ ਪੀ.ਐੱਚ.ਡੀ. ਸਕਾਲਰ

ਤੇ I D E L ਲੈਬ ਦੇ ਮੈਂਬਰ ਰਕਤਿਮਾ ਗੁਪਤਾ ਨੇ। ਖੋਜਕਾਰਾਂ ਮੁਤਾਬਕ ਇਹ ਖੋਜ ਅਧਿਐਨ ਗ਼ਲਤ ਜਾਣਕਾਰੀ ਨੂੰ ਦੂਰ ਕਰਨ, HPV ਅਤੇ ਇਸ ਦੇ ਟੀਕੇ ਬਾਰੇ ਜਾਣਕਾਰੀ ਵਿੱਚ ਸੁਧਾਰ ਕਰਨ, ਸਿਹਤ ਸੇਵਾ ਪੇਸ਼ੇਵਰਾਂ ਨੂੰ ਸੰਵੇਦਨਸ਼ੀਲ ਬਣਾਉਣ ਦੀ ਫੌਰੀ ਜ਼ਰੂਰਤ ਨੂੰ ਉਜਾਗਰ ਕਰਦੇ ਨੇ।

---------------------------------------------------------

ਪੰਜਾਬ ਦੇ ਮਾਲ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਪੰਜਾਬ ਭਵਨ ਵਿਚ ਨਵੇਂ ਤਰੱਕੀ ਪ੍ਰਾਪਤ ਮਾਲ ਅਧਿਕਾਰੀਆਂ ਨੂੰ ਤਰੱਕੀ ਪੱਤਰ ਸੌਂਪੇ ਨੇ। ਮਾਲ ਮੰਤਰੀ ਨੇ ਸੀਨੀਆਰਤਾ ਦੇ ਅਧਾਰ ਉੱਤੇ ਤਰੱਕੀ ਪ੍ਰਾਪਤ ਕਰਨ ਵਾਲੇ 14 ਤਹਿਸੀਲਦਾਰਾਂ ਤੇ 13 ਨਾਇਬ ਤਹਿਸੀਲਦਾਰਾਂ ਨੰ ਵਧਾਈ ਦਿੰਦਿਆਂ ਕਿਹਾ ਕਿ ਇਹ ਤਰੱਕੀਆਂ ਸੂਬੇ ਵਿਚ ਮਾਲ ਪ੍ਰਸ਼ਾਸਨ ਨੂੰ ਹੋਰ ਮਜ਼ਬੂਤ ਬਣਾਉਣਗੀਆ।

---------------------------------------------------------